## ਨਮੂਨਾ ਪ੍ਰਸ਼ਨ ਪੱਤਰ

**ਰੋਲ ਨੰਬਰ ..............................** **813 - DA**

**ਕੁੱਲ ਪ੍ਰਸ਼ਨ : 9]** **[ਛਪੇ ਹੋਏ ਪੰਨਿਆਂ ਦੀ ਕੁੱਲ ਗਿਣਤੀ : 2**

**ਅੱਠਵੀਂ ਸ਼੍ਰੇਣੀ ਸਲਾਨਾ ਪ੍ਰੀਖਿਆ**

# ਖੇਤੀਬਾੜੀ (ਲਿਖਤੀ)

**(ਕੇਵਲ ਵਿਲੱਖਣ ਸਮਰੱਥਾ ਵਾਲੇ ਪ੍ਰੀਖਿਆਰਥੀਆਂ ਲਈ)**

**ਕੁੱਲ ਸਮਾਂ : $2\frac{1}{2}$ ਘੰਟੇ** **ਕੁੱਲ ਅੰਕ : 50**

**ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ ।**

**ਭਾਗ - I**

**1. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ :**

(i) ਕਿਹੜੀ ਭੂਮੀ ਵਿੱਚ ਪਾਣੀ ਲਾਉਂਦੇ ਸਾਰ ਹੀ ਜਜ਼ਬ ਹੋ ਜਾਂਦਾ ਹੈ ?

(ੳ) ਚੀਕਣੀ ਭੂਮੀ (ਅ) ਮੈਰਾ ਭੂਮੀ (ੲ) ਰੇਤਲੀ ਭੂਮੀ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ **2**

(ii) ਪੰਜਾਬ ਦਾ ਰਾਜ ਦਰਖ਼ਤ ਕਿਹੜਾ ਹੈ ?

(ੳ) ਬੋਹੜ (ਅ) ਨਿੰਮ (ੲ) ਟਾਹਲੀ (ਸ) ਪਿੱਪਲ **2**

(iii) ਸੋਲਰ ਕੁੱਕਰ ਦੀ ਵਰਤੋਂ ਨਾਲ਼ ਕਿੰਨੇ ਪ੍ਰਤੀਸ਼ਤ ਰਵਾਇਤੀ ਬਾਲਣ ਬਚ ਸਕਦਾ ਹੈ ?

(ੳ) 0 - 5% (ਅ) 5 - 10% (ੲ) 10 - 15% (ਸ) 20 - 50% **2**

(iv) ਭਾਰਤ ਨੂੰ ਕਿਹੜੀਆਂ ਫ਼ਸਲਾਂ ਬਾਹਰਲੇ ਦੇਸ਼ਾਂ ਤੋਂ ਮੰਗਵਾਉਣੀਆਂ ਪੈਂਦੀਆਂ ਹਨ ?

(ੳ) ਅਨਾਜ (ਅ) ਰੇਸ਼ੇ (ੲ) ਤੇਲ-ਬੀਜ (ਸ) ਚਾਰੇ **2**

(v) ਫਲਾਂ ਦੀ ਕਿੰਨੇ ਪ੍ਰਤੀਸ਼ਤ ਪੈਦਾਵਾਰ ਮੰਡੀਆਂ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਖ਼ਰਾਬ ਹੋ ਜਾਂਦੀ ਹੈ ?

(ੳ) 5-10% (ਅ) 10-15% (ੲ) 15-20% (ਸ) 25-30% **2**

**2 ਅੰਕ × 5 = 10 ਅੰਕ**

**2. ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

(i) ਹਰੀ ਖਾਦ ਲਈ .................. ਦੀ ਬਿਜਾਈ ਕੀਤੀ ਜਾਂਦੀ ਹੈ। (ਜੰਤਰ / ਝੋਨੇ) **2**

(ii) ਸੋਲਰ .............. ਨਾਲ਼ ਫਲ ਅਤੇ ਸਬਜ਼ੀਆਂ ਨੂੰ ਸੁਕਾਇਆ ਜਾ ਸਕਦਾ ਹੈ। (ਡਰਾਇਅਰ / ਪੰਪ) **2**

(iii) ਕੇਂਦਰੀ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ...................... ਹੈ। (ਖਾਰਾ / ਮਿੱਠਾ) **2**

(iv) ਫਲਾਂ ਵਿੱਚ .......... ਦਾ ਪਤਾ ਲਗਾਉਣ ਲਈ ਰੀਫਰੈਕਟੋਮੀਟਰ ਵਰਤਿਆ ਜਾਂਦਾ ਹੈ। (ਮਿਠਾਸ / ਪਾਣੀ) **2**

(v) ਪੰਜਾਬ ਵਿੱਚ ਸਭ ਤੋਂ ਵੱਧ ਉਗਾਇਆ ਜਾਣ ਵਾਲਾ ਫ਼ਲ .................... ਹੈ। (ਸੇਬ / ਕਿੰਨੂ) **2**

**2 ਅੰਕ × 5 = 10 ਅੰਕ**

**3. ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

(i) ਤੇਜ਼ਾਬੀ ਜ਼ਮੀਨਾਂ ਦਾ ਸੁਧਾਰ ਚੂਨਾ ਪਾ ਕੇ ਕੀਤਾ ਜਾ ਸਕਦਾ ਹੈ। **2**

(ii) ਪਟਵਾਰੀ ਇੰਤਕਾਲ ਦਰਜ ਕਰਦਾ ਹੈ। **2**

(iii) ਸ਼ਹਿਦ ਦੀ ਮੱਖੀ ਦੇ ਤਿੰਨ ਜੋੜੀਆਂ ਲੱਤਾਂ ਹੁੰਦੀਆਂ ਹਨ। **2**

(iv) ਜੈਵਿਕ ਖੇਤੀ ਵਿੱਚ ਰੂੜੀ ਦੀ ਖਾਦ ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ। **2**

(v) ਸਰਕਾਰ ਵੱਲੋਂ ਕੈਲਸ਼ੀਅਮ ਕਾਰਬਾਈਡ ਨਾਲ਼ ਪਕਾਏ ਹੋਏ ਫਲਾਂ ਨੂੰ ਵੇਚਣ ਤੇ ਪਾਬੰਦੀ ਲਗਾਈ ਗਈ ਹੈ। **2**

**2 ਅੰਕ × 5 = 10 ਅੰਕ**

**ਭਾਗ - II**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

**4.** ਭੂਮੀ ਦੇ ਕੋਈ ਤਿੰਨ ਭੌਤਿਕ ਗੁਣ ਲਿਖੋ। **3**

ਜਾਂ

ਸ਼ਿਜਰਾ ਦੇ ਕੋਈ ਹੋਰ ਤਿੰਨ ਨਾਂ ਲਿਖੋ। **3**

**5.** ਰਵਾਇਤੀ ਊਰਜਾ ਦੇ ਕੋਈ ਤਿੰਨ ਸੋਮਿਆਂ ਦੇ ਨਾਂ ਲਿਖੋ। **3**

ਜਾਂ

ਪੰਜਾਬ ਵਿੱਚ ਉਗਾਈਆਂ ਜਾਣ ਵਾਲੀਆਂ ਖੁੰਬਾਂ ਦੀਆਂ ਕੋਈ ਤਿੰਨ ਕਿਸਮਾਂ ਦੇ ਨਾਂ ਲਿਖੋ। **3**

**6.** ਮੱਕੀ ਅਧਾਰਿਤ ਕੋਈ ਤਿੰਨ ਫ਼ਸਲੀ ਚੱਕਰ ਲਿਖੋ। **3**

ਜਾਂ

ਟਰੈਕਟਰ ਨਾਲ਼ ਚੱਲਣ ਵਾਲੀਆਂ ਕੋਈ ਤਿੰਨ ਮਸ਼ੀਨਾਂ ਦੇ ਨਾਂ ਲਿਖੋ। **3**

**7.** ਕਿਸੇ ਤਿੰਨ ਫਲਾਂ ਦੇ ਨਾਂ ਲਿਖੋ ਜਿਨ੍ਹਾਂ ਉੱਪਰ ਮੋਮ ਚੜ੍ਹਾਈ ਜਾਂਦੀ ਹੈ। **3**

ਜਾਂ

ਕਿਸੇ ਛੇ ਫਲ ਅਤੇ ਸਬਜ਼ੀਆਂ ਦੇ ਨਾਂ ਲਿਖੋ ਜਿਨ੍ਹਾਂ ਦਾ ਅਚਾਰ ਤਿਆਰ ਕੀਤਾ ਜਾ ਸਕਦਾ ਹੈ ? **3**

**3 ਅੰਕ × 4 = 12 ਅੰਕ**

**ਭਾਗ - III**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 3-4 ਵਾਕਾਂ ਵਿੱਚ ਦਿਓ :**

**8.** ਸੂਰਜੀ ਊਰਜਾ ਨਾਲ਼ ਚੱਲਣ ਵਾਲੇ ਕਿਸੇ ਚਾਰ ਯੰਤਰਾਂ ਦੇ ਨਾਂ ਅਤੇ ਉਹਨਾਂ ਦੇ ਕੰਮ ਲਿਖੋ। **4**

ਜਾਂ

ਭੋਜਨ ਦੇ ਰੂਪ ਵਿੱਚ ਖੁੰਬਾਂ ਦੇ ਕੋਈ ਚਾਰ ਲਾਭ ਲਿਖੋ। **4**

**9.** ਸੰਯੁਕਤ ਫ਼ਸਲ ਪ੍ਰਣਾਲੀ ਵਿੱਚ ਅਪਣਾਏ ਜਾਣ ਵਾਲੇ ਕੋਈ ਚਾਰ ਸਹਾਇਕ ਧੰਦਿਆਂ ਦੇ ਨਾਂ ਲਿਖੋ। **4**

ਜਾਂ

ਖੇਤੀ ਮਸ਼ੀਨਰੀ ਦੀ ਸਾਂਭ-ਸੰਭਾਲ ਦੇ ਕੋਈ ਚਾਰ ਲਾਭ ਲਿਖੋ। **4**

**4 ਅੰਕ × 2 = 8 ਅੰਕ**